ਵੱਲ

ਸਟੇਟ ਇਨਫਰਮੇਟਿੱਕ ਅਫਸਰ,
ਐਨ.ਆਈ.ਸੀ (ਪੰਜਾਬ ਸਟੇਟ ਸੈਂਟਰ),
ਕਮਰਾ ਨੰ. 109, ਪੰਜਾਬ ਮਿਨੀ ਸਕੱਤਰੇਤ,
ਸੈਕਟਰ 9, ਚੰਡੀਗੜ੍ਹ।

ਮੀਮੋ ਨੰਬਰ ਸ-17/ SP-1
ਮਿਤੀ, ਚੰਡੀਗੜ੍ਹ 22.11.17

ਵਿਸ਼ਾ: ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਡਿਸਪਲੇਅ ਕਰਨ ਸਬੰਧੀ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਅਤੇ ਓ.ਬੀ.ਸੀ. ਸਕੀਮਾਂ ਤਹਿਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਹੇਠ ਲਿਖੇ ਅਨੁਸਾਰ ਸੂਚਨਾ ਅੱਪਲੋਡ ਕੀਤੀ ਜਾਵੇ :-

ਭਲਾਈ ਵਿਭਾਗ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਪੋਰਟਲ ਦੀ ਸਪੀਡ ਘੱਟ ਹੋਣ ਕਾਰਨ ਅਜੇ ਵੀ ਕਾਫੀ ਅਰਜ਼ੀਆਂ ਸੰਸਥਾਵਾਂ ਵੱਲੋਂ Sanctioning Authorities ਨੂੰ ਆਨਲਾਈਨ ਨਹੀਂ ਭੇਜੀਆਂ ਜਾ ਸਕੀਆਂ। ਇਸ ਨੂੰ ਮੁੱਖ ਰੱਖਦੇ ਹੋਏ ਭਲਾਈ ਵਿਭਾਗ ਨੇ ਸੰਸਥਾਵਾਂ ਵੱਲੋਂ Sanctioning Authorities ਨੂੰ ਅਰਜ਼ੀਆਂ ਫਾਰਵਰਡ ਕਰਨ ਲਈ ਮਿਤੀ 24-11-2017 ਅਤੇ 25-11-2017 ਨੂੰ ਪੋਰਟਲ ਦੋ ਦਿਨਾਂ ਲਈ ਖੋਲ੍ਹਿਆ ਹੈ। ਸਬੰਧਤ ਸੰਸਥਾਵਾਂ ਇਨ੍ਹਾਂ ਮਿਤੀਆਂ ਨੂੰ ਆਪਣੀਆਂ ਅਰਜ਼ੀਆਂ ਫਾਰਵਰਡ ਕਰਨ ਲਈ ਯਕੀਨੀ ਬਣਾਉਣ।
ਨੱਥੀ/

ਏਪੀ/ ਡਾਇਰੈਕਟਰ

ਪਿੱਠ ਅੰਕਣ ਨੰਬਰ ਸ-17/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਚੰਡੀਗੜ੍ਹ ;
2. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, (ਪਾਲੀਟੈਕਨਿਕ ਅਤੇ ਆਈ.ਟੀ.ਆਈ ਵਿੰਗ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
4. ਡੀ.ਪੀ.ਆਈ (ਕਾਲਜਾਂ), ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ।
6. ਡੀ.ਪੀ.ਆਈ (ਸੈ.ਸਿ), ਪੰਜਾਬ, ਐਸ.ਏ.ਐਸ ਨਗਰ।
7. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਚੰਡੀਗੜ੍ਹ।

ਨੱਥੀ/

ਏਪੀ/ ਡਾਇਰੈਕਟਰ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ , ਐਸ.ਏ.ਐਸ ਨਗਰ।
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
(ਵਜ਼ੀਫਾ ਸ਼ਾਖਾ)

ਪਿੱਠ ਅੰਕਣ ਨੰ: 20/11-2017 ਵ(ਮ)-157 ਮਿਤੀ, ਐਸ.ਏ.ਐਸ ਨਗਰ 23-11-2017

ਉਤਾਰਾ ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਤੁਰੰਤ ਸੂਚਿਤ ਕਰਕੇ ਕਾਪੀ ਇਸ ਦਫਤਰ ਨੂੰ ਵੀ ਕੀਤੀ ਜਾਵੇ। ਜੇਕਰ ਇਸ ਤੋਂ ਬਾਅਦ ਵੀ ਸੰਸਥਾ ਲੈਵਲ ਤੇ ਕੋਈ ਐਪਲੀਕੇਸ਼ਨ ਸੰਸਥਾ ਲੈਵਲ ਤੇ ਪੈਂਡਿੰਗ ਰਹਿੰਦੀ ਹੈ ਤਾਂ ਇਸ ਦੀ ਜਿੰਮੇਵਾਰੀ ਸੰਸਥਾ/ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਵਿਸ਼ੇਸ਼ ਕਾਰਜ ਅਫਸਰ (ਵਜ਼ੀਫਾ)

ਅਤਿ ਜ਼ਰੂਰੀ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫ਼ਤਹਿਗੜ੍ਹ ਸਾਹਿਬ।
ਯਾਦੀ ਨੰ ਸ਼ੀ-1/2017-1606 ਮਿਤੀ ਫ਼ਤਹਿਗੜ੍ਹ ਸਾਹਿਬ 24/11/17

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 24/11/17 ਅਤੇ 25/11/17 ਨੂੰ 2 ਦਿਨ ਲਈ ਪੋਰਟਲ ਖੋਲ੍ਹਿਆ ਗਿਆ ਹੈ। ਸਮੂਹ ਸਕੂਲ ਮੁਖੀ ਇਹਨਾਂ 2 ਦਿਨਾਂ ਵਿੱਚ ਆਪਣੀਆਂ ਅਰਜ਼ੀਆਂ ਫਾਰਵਰਡ ਕਰਨ ਲਈ ਯਕੀਨੀ ਬਣਾਉਣ। ਇਸ ਵਿੱਚ ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਫ਼ਤਹਿਗੜ੍ਹ ਸਾਹਿਬ।